ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਜ਼ੋਨਲ ਦਫਤਰ-1, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ

ਫੋਨ (ਦਫਤਰ) 0175-2301182 ਫੈਕਸ 0175 – 2307717

ਨੰਬਰ 36834-60 ਮਿਤੀ 11-9-17

Through e-mail

To

1. The Chief Environmental Engineer, Punjab Pollution Control Board, Patiala / Jalandhar/ Ludhiana & PBIP.
2. The Senior Environmental Engineer, Punjab Pollution Control Board, Zonal Office-I/II, Patiala, Ludhiana-I/II, Jalandhar / Sri Amritsar and Bathinda.
3. The Senior Scientific Officer, Punjab Pollution Control Board, Head office Laboratory, Patiala
4. The Scientific Officer (Air Lab.), Punjab Pollution Control Board, Head office, Patiala
5. The Environmental Engineer, Punjab Pollution Control Board, Regional Office, Patiala /Ludhiana-1/2/3/4/ Jalandhar / Sri Amritsar / Batala / Hoshiarpur / Sangrur/ Bathinda / Faridkot / Sri Fatehgarh Sahib & SAS Nagar.

Prog. Discussed. To be uploaded on website. 19/9/17

AEE (computer) Pl discuss. 15/9/17

**Subject:- Implementation of provisions of Punjab Right to Service Act, 2011.**

Kindly find enclosed herewith the latest instructions issued by the Govt. of Punjab, Department of Governance Reforms for information & compliance of the same in true letter & spirit.

Further, all Regional Offices are requested to send information related to Right to Service Act, 2011 in earlier sent performa's for the period 1.6.2017 to 31.8.2017 within three days.

An early action is required in the matter.

DA/as above

11/9/17

Senior Environmental Engineer (HQ-2)

ਪੰਜਾਬ ਸਰਕਾਰ
ਪ੍ਰਸ਼ਾਸਨਿਕ ਸੁਧਾਰ ਵਿਭਾਗ
(ਪ੍ਰਸ਼ਾਸਨਿਕ ਸੁਧਾਰ-2,ਸ਼ਾਖਾ)

ਮਿਤੀ, ਚੰਡੀਗੜ੍ਹ: 21-Aug-17

ਸੇਵਾ ਵਿਖੇ,।

ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ ਅਤੇ ਸਮੂਹ ਡਿਪਟੀ ਕਮਿਸ਼ਨਰ।

ਵਿਸ਼ਾ- **Implementation of provisions of Punjab Right to Service Act, 2011.**

*****

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਜੀ ਦਾ ਧਿਆਨ ਰਾਜ ਸਰਕਾਰ ਵਲੋਂ ਜਾਰੀ ਅਧਿਸੂਚਨ ਨੰ:37;ਲੈਜਿ/2011,ਮਿਤੀ:20-10-2011 ਵੱਲ ਦਿਵਾਉਂਦੇ ਹੋਏ ਇਹ ਲਿੱਖਣ ਦੀ ਹਦਾਇਤ ਹੋਈ ਹੈ ਕਿ ਇਸ ਅਧਿਸੂਚਨਾ ਰਾਂਹੀ ਸਰਕਾਰ ਵਲੋਂ ਸੇਵਾ ਅਧਿਕਾਰ ਐਕਟ-2011 ਲਾਗੂ ਕਰਦੇ ਹੋਏ ਆਮ ਜਨਤਾ ਨੂੰ ਵੱਖ-ਵੱਖ ਵਿਭਾਗਾਂ ਵਲੋਂ ਮੁੱਹਈਆਂ ਕਰਵਾਈਆਂ ਜਾ ਰਹੀਆਂ ਸੇਵਾਵਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਮੁੱਹਈਅ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਕਿ ਆਮ ਜਨਤਾ ਨੂੰ ਸਰਕਾਰੀ ਸੇਵਾਵਾਂ ਹਾਸਿਲ ਕਰਨ ਵਿੱਚ ਕੋਈ ਅਸੁਵਿਧਾ ਨਾ ਹੋਵੇ।

2. ਆਰੰਭ ਵਿੱਚ ਇਸ ਵਿਭਾਗ ਵਲੋਂ ਅਧਿਸੂਚਨਾ ਨੰ:1/22/2011-ਜੀ.ਆਰ.-2ਸਾਖਾ/80 ਮਿਤੀ:30.5.2012 ਰਾਂਹੀ ਵੱਖ-ਵੱਖ ਵਿਭਾਗਾਂ ਵਲੋਂ ਮੁਹੱਈਆਂ ਕਰਵਾਈਆਂ ਜਾ ਰਹੀਆਂ 69 ਸੇਵਾਵਾਂ ਦੀ ਸਮੇਂ ਸੀਮ ਨਿਰਧਾਰਤ ਕਰਦੇ ਹੋਏ ਉਨਾਂ ਨੂੰ ਉਕਤ ਐਕਟ ਅਧੀਨ ਲਿਆਂਦਾ ਗਿਆ ਸੀ | ਇਸ ਉਪਰੰਤ ਸਰਕਾਰ ਵਲੋਂ ਅਧਿਸੂਚਨਾ ਨੰ:5/27/2014-2ਪ੍ਰ.ਸੁ2/425953 ਮਿਤੀ 2 ਮਾਰਚ 2015 ਅਤੇ ਅਧਿਸੂਚਨ ਨੰ:5/27/2014-2ਪ੍ਰ.ਸੁ2/668042 ਮਿਤੀ: 15 ਜਨਵਰੀ 2016 ਰਾਹੀਂ ਕੁੱਲ 351 ਸੇਵਾਵਾਂ ਨੂੰ ਸੇਵਾ ਅਧਿਕਾਰ ਐਕਟ ਅਧੀਨ ਲਿਆਉਂਦਾ ਗਿਆ ਹੈ।

3. ਸਰਕਾਰ ਦੇ ਅਧਿਕਾਰੀਆਂ, ਡਾਇਰੈਕਟੋਰਟ ਪੱਧਰ ਅਤੇ ਕਮਿਸ਼ਨ ਦੇ ਪੱਧਰ ਤੇ ਇਨ੍ਹਾਂ ਸੇਵਾ ਕੇਂਦਰ ਦਾ ਸਮੇਂ-ਸਮੇਂ ਤੇ ਦੌਰਾ ਕਰਦੇ ਹੋਏ ਚੈਕਿੰਗ ਵੀ ਕੀਤੀ ਜਾਂਦੀ ਹੈ। ਹੁਣ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਵੱਖ-ਵੱਖ ਵਿਭਾਗਾਂ ਦੀਆਂ ਸੇਵਾ ਅਧਿਕਾਰ ਐਕਟ-2011 ਅਧੀਨ ਨੋਟੀਫਾਈਡ ਸੇਵਾਵਾਂ ਮੁਹੱਈਆਂ ਕਰਵਾਉਣ ਸਮੇਂ ਸੇਵਾ ਕੇਂਦਰਾਂ ਵਲੋਂ ਇਸ ਐਕਟ ਦੇ ਪੂਰੇ ਉਪਬੰਧਾਂ ਨੂੰ ਧਿਆਨ ਵਿੱਚ ਨਹੀ ਰੱਖਿਆ ਜਾਂਦਾ , ਜਿਸ ਕਾਰਨ ਆਮ ਜਨਤਾ ਨੂੰ ਅਜੇ ਵੀ ਸਰਕਾਰੀ ਸੇਵਾਵਾਂ ਦਾ ਲਾਭ ਲੈਣ ਲਈ ਕਾਫੀ ਦਿਕੱਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਆਮ ਜਨਤਾ ਦੀਆ ਦਿੱਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵਲੋਂ ਐਕਟ ਦੇ ਉਪਬੰਧਾਂ ਅਨੁਸਾਰ ਸਮੂਹ ਸਬੰਧਤਾਂ ਨੂੰ ਹੇਠ ਲਿਖੇ ਅਨੁਸਾਰ ਉਪਚਾਰਕ ਕਦਮ ਚੁੱਕਣ ਦੀ ਸਿਫਾਰਸ ਕੀਤੀ ਜਾਦੀ ਹੈ:-

ਕੀਤੀਆਂ ਪ੍ਰਤੀ-ਬੇਨਤੀਆਂ ਦੇ ਹਰ-ਪੱਖੋ ਪੂਰਾ ਹੋਣ ਤੇ ਬਿਨੈ-ਕਾਰ ਨੂੰ ਰਸੀਦ (ACKNOWLEDGEMENT)ਮੁਹੱਈਆਂ ਕਰਵਾਈ ਜਾਵੇ|

2. ਜਾਰੀ ਕੀਤੀ ਜਾਣ ਵਾਲੀ ਰਸੀਦ (ACKNOWLEDGEMENT) ਸਬੰਧਤ ਵਿਭਾਗ ਵਲੋਂ ਮੁਹੱਈਆਂ ਕਰਵਾਏ ਗਏ ਫਾਰਮੇਟ ਵਿੱਚ ਹੀ ਜਾਰੀ ਕੀਤੀ ਜਾਵੇਂ|

3. ਪ੍ਰਤੀਬੇਨਤੀ ਪ੍ਰਾਪਤ ਕਰਨ ਸਮੇਂ ਜਾਰੀ ਕੀਤੀ ਜਾਣ ਵਾਲੀ ਰਸੀਦ ਵਿੱਚ ਪ੍ਰਤੀਬੇਨਤੀ ਪ੍ਰਾਪਤ ਕਰਨ ਦੀ ਮਿਤੀ,ਸੇਵਾ ਦਾ ਨੰਬਰ, ਸੇਵਾ ਦੇਣ ਦੀ ਮਿਤੀ ਸਬੰਧੀ ਸਾਰੀ ਜਾਣਕਾਰੀ ਦਰਜ਼ ਹੋਵੇ|

4. ਡੈਜੀਗਨੇਟਿਡ ਅਧਿਕਾਰੀਆਂ ਵਲੋਂ ਸੇਵਾਵਾਂ ਲਈ ਪ੍ਰਤੀਬੇਨਤੀਆਂ ਪ੍ਰਾਪਤ ਕਰਨ ਸਮੇਂ ਟੁਕੜਿਆਂ ਵਿੱਚ (PIECEMEAL OBJECTIONS) ਇਤਰਾਜ਼ ਨਾ ਲਗਾਏ ਜਾਣ|

5. ਡੈਜੀਗਨੇਟਿਡ ਅਧਿਕਾਰੀ ਵਲੋਂ ਜੇਕਰ ਕਿਸੇ ਸੇਵਾ ਨੂੰ ਦੇਣ ਤੋਂ ਮਨ੍ਹਾਂ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਲਿੱਖਤੀ ਰੂਪ ਵਿੱਚ ਕਾਰਨ ਰਿਕਾਰਡ ਕਰੇਗਾਂ ਅਤੇ ਐਕਟ ਦੇ ਉਪਬੰਧਾਂ ਅਨੁਸਾਰ ਬਿਨੈਕਾਰ ਨੂੰ ਵੀ ਸੂਚਿਤ ਕਰਕੇਗਾ|

6. ਡੈਜੀਗਨੇਟਿਡ ਅਧਿਕਾਰੀ ਸੇਵਾਵਾਂ ਨੂੰ ਨਿਰਧਾਰਤ ਸਮੇਂ ਵਿੱਚ ਮੁੱਹਈਆਂ ਕਰਵਾਉਣਾ ਯਕੀਨੀ ਬਣਾਉਣ| ਸੇਵਾ ਦੇਣ ਸਮੇਂ ਨਿਰਧਾਰਤ ਸਮੇਂ ਵਿੱਚ ਵਰਕਿੰਗ ਡੇਅਜ(WORKING DAYS) ਗਿਣੇ ਜਾਣ, ਛੁੱਟੀਆਂ ਨੂੰ ਨਾ ਗਿਣਿਆ ਜਾਵੇਂ|

7. ਡੈਜੀਗਨੇਟਿਡ ਅਧਿਕਾਰੀ ਵਲੋਂ ਦਿੱਤੀਆਂ ਜਾ ਰਹੀਆਂ ਸੇਵਾ ਵਾ ਦਾ ਰਿਕਾਰਡ RTS- 1 ਫਾਰਮ ਵਿੱਚ ਮੈਨਟੇਨ ਕੀਤਾ ਜਾਵੇ|

8. ਪ੍ਰਬੰਧਕੀ ਵਿਭਾਗਾਂ ਵਲੋਂ ਨੋਟੀਫਾਈਡ ਸੇਵਾਵਾਂ ਦੇਣ ਸਬੰਧੀ ਬਿਨੈ-ਪੱਤਰ ਅਤੇ ਇਸ ਨਾਲ ਲੱਗਣ ਵਾਲੇ ਦਸਤਾਵੇਜ਼ਾਂ ਸਬੰਧੀ ਚੈਕ ਲਿਸਟ ਤਿਆਰ ਕੀਤੀ ਜਾਵੇ|

9. ਡੈਜੀਗਨੇਟਿਡ ਅਧਿਕਾਰੀਆਂ/ਐਪੀਲੇਟ ਅਥਾਰਟੀਆਂ ਵਲੋਂ ਸੇਵਾਵਾਂ ਸਬੰਧੀ ਲੋੜੀਂਦੀ ਸੂਚਨਾ ਆਪਣੇ ਦਫ਼ਤਰ ਵਿੱਚ ਨੋਟਿਸ ਬੋਰਡ ਤੇ ਡਿਸਪਲੇ ਕੀਤੀ ਜਾਵੇ ਜਾਂ ਦਫ਼ਤਰ ਦੇ ਉਸ ਹਿੱਸੇ ਵਿੱਚ ਜਿੱਥੇ ਆਮ ਜਨਤਾਂ ਨੂੰ ਇਹ ਸਪਸ਼ਟ ਹੋਵੇ|

10. ਸੇਵਾ ਕੇਂਦਰਾ/ਫਰਦ ਕੇਂਦਰਾਂ/ਸਾਂਝ ਕੇਂਦਰਾਂ ਵਲੋਂ ਨੋਟੀਫਾਈਡ ਸੇਵਾਵਾਂ ਸਬੰਧੀ ਲੋੜੀਂਦੀ ਸੂਚਨਾ ਨੋਟਿਸ ਬੋਰਡ ਤੇ ਡਿਸਪਲੇ ਕੀਤੀ ਜਾਵੇਂ| ਇਸ ਸਬੰਧੀ ਜਿੰਮੇਵਾਰੀ ਕੇਂਦਰ ਦੇ ਇੰਚਾਰਜ਼ ਦੀ ਹੋਵੇਗੀ|

11. ਪ੍ਰਬੰਧਕੀ ਵਿਭਾਗਾਂ ਵਲੋਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਸੇਵਾਵਾਂ ਸਬੰਧੀ ਸੂਚਨਾ ਜਿਵੇਂ ਕਿ ਫਾਰਮ , ਫਾਰਮ ਜਮ੍ਹਾਂ ਕਰਵਾਉਣ ਸਮੇਂ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ, ਫੀਸ ਆਦਿ ਸਬੰਧੀ ਸਾਰੀ ਸੂਚਨਾ ਆਪਣੇ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤੀ ਜਾਵੇਂ|

12. ਮੁਹੱਈਆਂ ਕਰਵਾਈਆਂ ਜਾ ਰਹੀਆਂ ਸੇਵਾਵਾਂ ਸਬੰਧੀ ਲੋੜੀਂਦੀਆਂ ਰਿਪੋਰਟਾਂ/MIS ਰਿਪੋਰਟਾਂ ਨੂੰ ਹੈਡ-ਕੁਆਟਰ (ਡਾਇਰੈਕਟੋਰੇਟ ਪ੍ਰਸ਼ਾਸਨਿਕ ਸੁਧਾਰ,ਪੰਜਾਬ) ਅਤੇ ਸੇਵਾ ਅਧਿਕਾਰ ਕਮਿਸ਼ਨ ਨੂੰ ਸਮੇਂ ਸਿਰ ਪੁੱਜਦੀਆਂ ਕੀਤੀਆਂ ਜਾਣਾ ਯਕੀਨੀ ਬਣਾਇਆ ਜਾਵੇ|

4. ਸਰਕਾਰ ਵਲੋਂ ਸੇਵਾ ਅਧਿਕਾਰ ਐਕਟ-2011 ਨੂੰ ਲਾਗੂ ਕਰਨ ਦਾ ਮੁੱਖ ਉਦੇਸ਼ ਜਨਤਾ ਨੂੰ ਦਿੱਤੀਆਂ ਜਾ ਰਹੀਆਂ ਸੁਵੀਧਾਵਾਂ ਨੂੰ ਸੁਖਾਲਾ ਬਨਾਉਣਾ ਅਤੇ ਕੰਮ-ਕਾਜ ਵਿੱਚ ਹੋਰ ਪਾਰਦਰਸ਼ਤਾ ਲਿਆਉਣਾ ਹੈ| ਐਕਟ ਦੇ ਮੰਤਵ ਦੀ ਪ੍ਰਾਪਤੀ ਹਰ ਪੱਧਰ ਤੇ ਸਹਿਯੋਗ ਨਾਲ ਹੀ ਕੀਤੀ ਜਾ ਸਕਦੀ ਹੈ| ਇਸ ਲਈ ਸਮੂਹ ਸਬੰਧਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜ਼ਮੀਨੀ ਸੱਤਰ ਤੇ ਸਰਕਾਰੀ ਸੇਵਾਵਾਂ ਨੂੰ ਮੁੱਹਈਆਂ ਕਰਵਾਉਣ ਦੀ ਭਵਿੱਖੀ ਸੰਭਾਵਨਾ ਨੂੰ ਅਮਲੀ ਜਾਮਾ ਪਹਿਨਾਉਣ ਅਤੇ ਐਕਟ ਦੇ ਉਕੱਤ ਉਪਬੰਧ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਨਾਉਣ ਦੀ ਯਥਾ ਸ਼ੰਕਤੀ ਕੋਸਿਸ਼ ਕੀਤੀ ਜਾਵੇ|

ਵਿਸ਼ਵਾਸਪਾਤਰ

( ਅਭਿਨੇਵ ਤ੍ਰਿਖਾ )

ਵਿਸ਼ੇਸ਼ ਸਕੱਤਰ ਪ੍ਰਸ਼ਾਸਨਿਕ ਸੁਧਾਰ

ਨੰ:5/32/2017-2ਪ੍ਰ:ਸੁ2/ 1047988/2 ਮਿਤੀ, ਚੰਡੀਗੜ੍ਹ: 21-Aug-2017

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ,ਪੰਜਾਬ ਸਰਕਾਰ|
2. ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼,ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸੱਕਤਰ, ਪੰਜਾਬ ਸਰਕਾਰ|

( ਹਰਨੇਕ ਸਿੰਘ )

ਸਪਰਡੰਟ

ਨੰ:5/32/2017-2ਪ੍ਰ:ਸੁ2/ 1047988/3 ਮਿਤੀ, ਚੰਡੀਗੜ੍ਹ: 21-Aug-2017

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1 ਮੁੱਖ ਕਮਿਸ਼ਨਰ,ਪੰਜਾਬ ਸੇਵਾ ਅਧਿਕਾਰ ਕਮਿਸ਼ਨ, ਮਕਸੀਪਾ ਕੰਪਲੈਕਸ,ਸੈਕਟਰ:26, ਚੰਡੀਗੜ੍ਹ ਨੂੰ ਉਨਾਂ ਦੇ ਪੱਤਰ ਨੰ:PRSC/2017/3431,ਮਿਤੀ:7.8.2017ਦੇ ਹਵਾਲੇ ਵਿੱਚ|
2. ਡਾਇਰੈਕਟਰ,ਪ੍ਰਸਾਸ਼ਨਿਕ ਸੁਧਾਰ,ਪੰਜਾਬ,Plot No.D-241,Industriral Area,Phase VIII-B, SAS Nagar, Mohali.

(ਹਰਨੇਕ ਸਿੰਘ)

ਸੁਪਰਡੰਟ